# Press statement on the release of the seven Indian nationals in Libya

October 12, 2020

## ਲੀਬੀਆ ਵਿੱਚ ਹੋਈ ਸੱਤ ਭਾਰਤੀ ਨਾਗਰਿਕਾਂ ਦੀ ਰਿਹਾਈ ਬਾਰੇ ਪ੍ਰੈਸ ਬਿਆਨ

12 ਅਕਤੂਬਰ, 2020

ਸਾਨੂੰ ਇਹ ਗੱਲ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ 14 ਸਤੰਬਰ ਨੂੰ ਲੀਬੀਆ ਵਿੱਚ ਅਸ਼ਵਰੀਫ ਵਿਖੇ ਅਗਵਾ ਕੀਤੇ ਗਏ ਸੱਤ ਭਾਰਤੀ ਨਾਗਰਿਕ ਨੂੰ ਆਖਰਕਾਰ (11 ਅਕਤੂਬਰ) ਨੂੰ ਰਿਹਾ ਕਰ ਦਿੱਤਾ ਗਿਆ। ਟਿਊਨੀਸ਼ੀਆ ਵਿਖੇ ਸਾਡੇ ਰਾਜਦੂਤ ਸ਼੍ਰੀ ਪੁਨੀਤ ਰਾਏ ਕੁੰਡਲ ਨੇ ਅਗਵਾਕਾਰਾਂ ਵੱਲੋਂ ਉਨ੍ਹਾਂ ਨੂੰ ਉਨ੍ਹਾਂ ਦੀ ਕੰਪਨੀ ਅਲ ਸ਼ੋਲਾ ਅਲ ਮੁਡੀਆ ਨੂੰ ਸੌਂਪੇ ਜਾਣ ਤੋਂ ਬਾਅਦ ਉਨ੍ਹਾਂ ਨਾਲ ਫੋਨ 'ਤੇ ਗੱਲਬਾਤ ਕੀਤੀ। ਉਹ ਸਾਰੇ ਸਿਹਤਯਾਬ  ਹਨ ਅਤੇ ਇਸ ਸਮੇਂ ਉਹ ਬਰੇਗਾ ਵਿਖੇ ਕੰਪਨੀ ਦੀ ਇਮਾਰਤ ਵਿੱਚ ਰਹਿ ਰਹੇ ਹਨ। ਅਸੀਂ ਉਨ੍ਹਾਂ ਨੂੰ ਭਾਰਤ ਵਾਪਸ ਲਿਆਉਣ ਲਈ ਲੋੜੀਂਦੀਆਂ ਪ੍ਰਕਿਰਿਆਵਾਂ ਪੂਰੀਆਂ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

ਅਸੀਂ ਲੀਬੀਆ ਦੇ ਅਧਿਕਾਰੀਆਂ ਅਤੇ ਉਸ ਖੇਤਰ ਦੇ ਕਬੀਲਾਈ ਬਜ਼ੁਰਗਾਂ ਨੂੰ ਸਾਡੇ ਨਾਗਰਿਕਾਂ ਦੀ ਬਿਨਾ ਕਿਸੇ ਨੁਕਸਾਨ ਦੇ ਰਿਹਾਈ ਕਰਾਉਣ ਵਿੱਚ ਉਨ੍ਹਾਂ ਵੱਲੋਂ ਦਿੱਤੇ ਗਏ ਲਗਾਤਾਰ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕਰਦੇ ਹਾਂ। ਟਿਊਨੀਸ਼ੀਆ ਵਿਖੇ ਸਾਡੇ ਰਾਜਦੂਤ ਅਤੇ ਸਾਡਾ ਸਥਾਨਕ ਕੌਂਸਲਰ ਸਟਾਫ ਪੂਰੇ ਸੰਕਟ ਕਾਲ ਦੌਰਾਨ ਉਨ੍ਹਾਂ ਨਾਲ ਅਤੇ ਕੰਪਨੀ ਨਾਲ ਲਗਾਤਾਰ ਸੰਪਰਕ ਵਿਚ ਰਹੇ।

ਮੰਤਰਾਲੇ ਇਹ ਗੱਲ ਦੁਹਰਾਉਣਾ ਚਾਹੇਗਾ ਕਿ ਲੀਬੀਆ ਵਿੱਚ ਸੁਰੱਖਿਆ ਦੇ ਹਾਲਾਤ ਕਾਰਨ ਮਈ, 2016 ਤੋਂ ਹੀ ਉੱਥੇ ਭਾਰਤੀ ਨਾਗਰਿਕਾਂ ਦੇ ਜਾਣ 'ਤੇ ਪਾਬੰਦੀ ਲਾਗੂ ਹੈ।

ਨਵੀਂ ਦਿੱਲੀ
12 ਅਕਤੂਬਰ, 2020

DISCLAIMER: This is an approximate translation. The original is available in English on MEA's website and may be referred to as the official press release.